# ਪੰਜਾਬ ਸਕੂਲ ਸਿੱਖਿਆ ਬੋਰਡ
## ਜਨਤਕ ਨਿਯੁਕਤੀ ਨੋਟਿਸ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂ ਵਿੱਚ ਲੈਕਚਰਾਰ, ਮਾਸਟਰ/ਮਿਸਟ੍ਰੈਸ ਅਤੇ ਜੇ.ਬੀ.ਟੀ/ਈ.ਟੀ.ਟੀ.ਦੀਆਂ ਅਸਾਮੀਆਂ ਨੂੰ ਕੰਟਰੈਕਟ ਆਧਾਰ ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਬੋਰਡ ਦੀ ਵੈਬਸਾਈਟ www.pseb.ac.in ਤੇ ਆਨ-ਲਾਈਨ ਦਰਖਾਸਤਾਂ ਦੀ ਮੰਗ ਮਿਤੀ 18.09.2015 ਤੋਂ ਮਿਤੀ: 28.09.2015 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਨਾਲ ਨਿਰਧਾਰਤ ਸ਼ਰਤਾਂ (Terms & conditions) ਦੇ ਨਾਲ-ਨਾਲ ਵਿਸਥਾਰ-ਪੂਰਵਕ ਲੋੜੀਂਦੀ ਜਾਣਕਾਰੀ www.pseb.ac.in ਤੇ ਮਿਤੀ: 18.09.2015 .ਤੋਂ ਉਪਲਬਧ ਹੋਵੇਗੀ। ਲੈਕਚਰਾਰ ਦੀ ਅਸਾਮੀ ਲਈ (ਗਰੇਡ ਰੁ:10300-34800+5400), ਮਾਸਟਰ/ ਮਿਸਟ੍ਰੈਸ ਦੀਆਂ ਅਸਾਮੀਆਂ ਲਈ (ਗਰੇਡ ਰੁ: 10300-34800+5000) ਅਤੇ ਜੇ.ਬੀ.ਟੀ/ਈ.ਟੀ.ਟੀ ਦੀਆਂ ਅਸਾਮੀਆਂ ਲਈ (ਗਰੇਡ ਰੁ: 10300-34800+4200) ਵਿੱਚ ਦੋ ਸਾਲ ਦੇ ਪਰਖ-ਕਾਲ ਦੌਰਾਨ ਪੇ-ਬੈਂਡ ਦੇ ਘੱਟੋ ਘੱਟ ਤਨਖਾਹ ਅਤੇ ਕੇਵਲ ਸਫਰੀ ਭੱਤਾ ਹੀ ਮਿਲਣ ਯੋਗ ਹੋਵੇਗਾ।

| ਆਸਾਮੀ ਦਾ ਨਾਮ | ਗਿਣਤੀ | ਵਿਸ਼ਾ |
|---|---|---|
| 1) <u>ਲੈਕਚਰਾਰ</u> | 13 | ਅੰਗਰੇਜੀ-1, ਪੰਜਾਬੀ-1, ਕਮਿਸਟਰੀ-3, ਫਿਜਿਕਸ-1,ਫਜੀਕਲ ਐਜੂਕੇਸਨ-2, ਪੋਲੀਟੀਕਲ ਸਾਇੰਸ-2, ਹਿਸਟਰੀ-1, ਕੰਪਿਊਟਰ-1, ਬਾਇਓਲੋਜੀ-1 |
| 2) <u>ਮਾਸਟਰ/ਮਿਸਟ੍ਰੈਸ</u> | 18 | ਅੰਗਰੇਜੀ-6,ਪੰਜਾਬੀ-4, ਸਾਇੰਸ-2, ਹੋਮ ਸਾਇੰਸ-1, ਐਸ.ਐਸਟੀ-4, ਗਣਿਤ-1 |
| 3) <u>ਜੇ.ਬੀ.ਟੀ /ਈ.ਟੀ.ਟੀ</u> | 10 | |

ਇਨ੍ਹਾਂ ਅਸਾਮੀਆਂ ਲਈ ਫੀਸ ਜਨਰਲ ਕੈਟਾਗਰੀ ਲਈ 600/- ਅਤੇ ਐਸ.ਸੀ/ਬੀ.ਸੀ ਕੈਟਾਗਰੀ ਲਈ 300/-ਰੁਪਏ ਨਿਰਧਾਰਤ ਕੀਤੀ ਗਈ ਹੈ। ਫੀਸ ਸਬੰਧਤ ਜਿਲੇ ਵਿੱਚ ਸਥਿੱਤ ਖੇਤਰੀ ਦਫਤਰ ਵਿੱਚ ਜਮਾਂ ਕਰਵਾਈ ਜਾਵੇ। ਆਨ-ਲਾਈਨ ਅਰਜੀਆਂ ਮਿਤੀ: 18.09.2015 ਸਵੇਰੇ 9.00 ਵਜੇ ਤੋਂ ਮਿਤੀ 28.09.2015 ਸਾਮ 5.00 ਵਜੇ ਤੱਕ ਭਰੀਆਂ ਜਾ ਸਕਦੀਆਂ ਹਨ। ਆਨ-ਲਾਈਨ ਭਰੇ ਫਾਰਮ ਦਾ ਪ੍ਰਿੰਟ-ਆਊਟ ਅਤੇ ਭਰੀ ਫੀਸ ਦੀ ਰਸੀਦ ਸਬੰਧਤ ਜਿਲ੍ਹੇ ਵਿੱਚ ਸਥਿਤ ਬੋਰਡ ਦੇ ਖੇਤਰੀ ਦਫਤਰ ਵਿਖੇ ਮਿਤੀ: 30.09.2015 ਤੱਕ ਜਮ੍ਹਾਂ ਕਰਵਾਉਣੀ ਲਾਜਮੀ ਹੋਵੇਗੀ। ਮਿੱਥੀ ਮਿਤੀ/ ਸਮੇਂ ਤੋਂ ਬਾਅਦ ਕੋਈ ਵੀ ਆਨ-ਲਾਈਨ ਅਰਜੀ ਮਨਜੂਰ ਨਹੀਂ ਕੀਤੀ ਜਾਵੇਗੀ।

ਮੀਤ-ਪ੍ਰਧਾਨ